# ਗੁਰਸ਼ਰਨ ਭਾਅ ਜੀ, ਮੇਰੀਆਂ ਯਾਦਾਂ ਦੇ ਝਰੋਖੇ 'ਚੋਂ

– ਸੁਖਦਰਸ਼ਨ ਨੱਤ

ਨਾਟਕਕਾਰ ਗੁਰਸ਼ਰਨ ਸਿੰਘ ਨਾਲ ਜੁੜੀ ਮੇਰੀ ਪਹਿਲੀ ਯਾਦ 1976 ਦੇ ਅੰਤਮ ਮਹੀਨਿਆਂ ਦੀ ਹੈ। ਉਸ ਵਕਤ ਮੈਂ ਗੌਰਮਿੰਟ ਪੋਲੀਟੈਕਨਿਕ ਗੁਰੂ ਤੇਗ ਬਹਾਦਰਗੜ੍ਹ ਵਿਖੇ ਪਹਿਲੇ ਸਾਲ ਦਾ ਵਿਦਿਆਰਥੀ ਸਾਂ। ਉਦੋਂ ਤਹਿਸੀਲ ਅਤੇ ਹੁਣ ਜ਼ਿਲ੍ਹਾ ਮੋਗਾ ਦੇ ਚਰਚਿਤ ਪਿੰਡ ਰੋਡੇ ਦੇ ਨੇੜੇ ਹੋਣ ਕਾਰਨ ਇਹ ਤਕਨੀਕੀ ਕਾਲਜ ਆਮ ਕਰਕੇ 'ਰੋਡੇ ਪੋਲੀਟੈਕਨੀਕ' ਦੇ ਨਾਮ ਨਾਲ ਹੀ ਜਾਣਿਆ ਜਾਂਦਾ ਸੀ। ਇਹ ਉਸ ਵਕਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਦੇਸ਼ ਉੱਤੇ ਮੜ੍ਹੀ ਬਦਨਾਮ ਐਮਰਜੈਂਸੀ ਵਾਲਾ ਕਾਲਾ ਦੌਰ ਸੀ। ਉਂਝ 26 ਜੂਨ 1975 ਤੋਂ ਲਾਗੂ ਕੀਤੀ ਗਈ ਐਮਰਜੈਂਸੀ ਨੂੰ ਚਲਦਿਆਂ ਕਰੀਬ ਡੇਢ ਸਾਲ ਦਾ ਅਰਸਾ ਗੁਜ਼ਰ ਜਾਣ ਕਾਰਨ ਅਤੇ ਦੇਸ਼ ਵਿਚ ਨਵੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਚਰਚਾ ਤੇਜ਼ ਹੋ ਜਾਣ ਕਾਰਨ, ਹੁਣ ਜਨਤਾ ਉੱਤੇ ਇਸ ਦਾ ਸ਼ੁਰੂ ਵਾਲਾ ਦਬਦਬਾ ਨਹੀਂ ਸੀ ਰਿਹਾ, ਜਿਸ ਕਰਕੇ ਵੱਖ-ਵੱਖ ਢੰਗ-ਤਰੀਕਿਆਂ ਨਾਲ ਸਰਕਾਰ ਦੇ ਵਿਰੋਧ ਵਿਚ ਕੁਝ ਨਾ ਕੁਝ ਜਨਤਕ ਸਰਗਰਮੀ ਆਰੰਭ ਹੋ ਗਈ ਸੀ। ਗੁਪਤ ਰੂਪ ਵਿਚ ਤਾਂ ਅਸੀਂ ਪਹਿਲੋਂ ਵੀ ਆਪਣੇ ਕਾਲਜ ਵਿਚ ਅਤੇ ਇਸ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ਪੰਜਾਬ ਸਟੂਡੈਂਟਸ ਯੂਨੀਅਨ, ਨੌਜਵਾਨ ਭਾਰਤ ਸਭਾ ਅਤੇ ਸੀ.ਪੀ.ਆਈ. (ਐਮ.ਐਲ.) ਵੱਲੋਂ ਭਖਵੇਂ ਜਨਤਕ ਤੇ ਸਿਆਸੀ ਮੁੱਦਿਆਂ ਬਾਰੇ ਪ੍ਰਚਾਰ-ਮੁਹਿੰਮ ਚਲਾਉਂਦੇ ਆ ਰਹੇ ਸਾਂ। ਸ਼ਾਇਦ ਹਕੂਮਤੀ ਜਕੜ ਵਿਚ ਆ ਰਹੀ ਢਿੱਲ ਦਾ ਲਾਹਾ ਲੈ ਕੇ ਖੁੱਲ੍ਹੀਆਂ ਜਨਤਕ ਸਰਗਰਮੀਆਂ ਆਰੰਭਣ ਦਾ ਮਾਹੌਲ ਬਣਾਉਣ ਲਈ ਹੀ, ਸਾਡੀ ਭਰਾਤਰੀ ਜਥੇਬੰਦੀ 'ਨੌਜਵਾਨ ਭਾਰਤ ਸਭਾ' ਵੱਲੋਂ ਪਿੰਡ ਪੰਜ ਗਰਾਂਈ ਕਲਾਂ ਵਿਖੇ ਰਾਤ ਦੇ ਵਕਤ ਇਨਕਲਾਬੀ ਸਭਿਆਚਾਰਕ ਸਮਾਗਮ ਰੱਖ ਲਿਆ ਗਿਆ। ਇਸ ਪਿੰਡ ਵਿਚ ਪਾਰਟੀ ਅਤੇ ਨੌਜਵਾਨ ਜਥੇਬੰਦੀ ਦਾ ਚੰਗਾ ਅਸਰ ਸੀ। ਪਿੰਡ ਦੇ ਤਿੰਨ ਨੌਜਵਾਨ-ਸਾਥੀ ਰੂਪ ਸਿੰਘ ਅਤੇ ਚਮਕੌਰ ਸਿੰਘ ਵਿਦਿਆਰਥੀ ਫਰੰਟ ਉੱਤੇ ਅਤੇ ਮਲਕੀਤ ਚੰਦ ਉਰਫ਼ ਉਦਾਸੀ ਨੌਜਵਾਨ ਫਰੰਟ ਉੱਤੇ ਬਤੌਰ ਕੁਲਵਕਤੀ ਕੰਮ ਕਰ ਰਹੇ ਸਨ। ਉਨ੍ਹਾਂ ਨੇ ਪਿੰਡ ਦੇ ਹੋਰਨਾਂ ਸਾਥੀਆਂ ਦੇ ਸਹਿਯੋਗ ਨਾਲ ਸਮਾਗਮ ਲਈ ਚੰਗੀ ਤਿਆਰੀ ਕੀਤੀ। ਪੀ.ਐਸ.ਯੂ. ਦੇ ਵਰਕਰ ਹੋਣ ਦੇ ਨਾਤੇ ਸਾਨੂੰ ਵੀ ਵਲੰਟੀਅਰਾਂ ਵਜੋਂ ਡਿਊਟੀ ਦੇਣ ਲਈ ਪਿੰਡ ਬੁਲਾਇਆ ਗਿਆ ਸੀ। ਪੋਲੀਟੈਕਨਿਕ ਤੋਂ ਅਸੀਂ ਦੋ ਜਾਂ ਤਿੰਨ ਸਾਥੀ ਸ਼ਾਮੀਂ ਬੱਸ ਫੜ ਕੇ ਪੰਜਗਰਾਂਈ ਜਾ ਅੱਪੜੇ ਅਤੇ ਸਮਾਗਮ ਵਾਲੀ ਥਾਂ ਸਕੂਲ ਵਿਚ ਪਹੁੰਚ ਗਏ। ਸਮਾਗਮ ਆਰੰਭ ਹੋ ਚੁੱਕਾ ਸੀ ਅਤੇ ਪਿੰਡ ਦੇ ਲੋਕ ਵੱਡੀ ਗਿਣਤੀ ਵਿਚ ਨਾਟਕ ਦੇਖਣ ਲਈ ਆਏ ਹੋਏ ਸਨ।

ਮੈਂ ਐਮਰਜੈਂਸੀ ਦੇ ਦੌਰਾਨ ਹੀ ਲਹਿਰ ਨਾਲ ਨਵਾਂ-ਨਵਾਂ ਜੁੜਿਆ ਸਾਂ। ਸੱਚ ਕਹਾਂ ਤਾਂ ਇਸ ਸਮਾਗਮ ਤੋਂ ਪਹਿਲਾਂ ਮੈਂ ਗੁਰਸ਼ਰਨ ਸਿੰਘ ਹੋਰਾਂ ਦਾ ਨਾਮ ਵੀ ਨਹੀਂ ਸੀ ਸੁਣਿਆ।

ਇਥੋਂ ਤੱਕ ਕਿ ਇਨਕਲਾਬੀ ਆਗੂਆਂ ਅਤੇ ਕਾਰਕੁੰਨਾਂ ਵਜੋਂ ਵੀ ਮੈਂ ਤਦ ਤੱਕ ਸਿਰਫ਼ ਕੁਝ ਕੁ ਨੌਜਵਾਨ ਸਾਥੀਆਂ ਨੂੰ ਹੀ ਜਾਣਦਾ ਸਾਂ। ਸੋ ਮੇਰੇ ਦਿਮਾਗ਼ ਵਿਚ ਇਨਕਲਾਬੀ ਲਹਿਰ ਦਾ ਅਕਸ ਨੌਜਵਾਨਾਂ ਦੀ ਕਿਸੇ ਜਥੇਬੰਦੀ ਵਾਲਾ ਹੀ ਸੀ। ਇਸ ਲਈ ਜਦੋਂ ਮੈਂ ਇਕ ਭਾਰੇ ਸਰੀਰ, ਬੰਨ੍ਹੀ ਹੋਈ ਦਾਹੜੀ ਅਤੇ ਰੋਹਬਦਾਰ ਆਵਾਜ਼ ਵਾਲੇ ਇਕ ਅਧਖੜ ਉਮਰ ਦੇ ਸਰਦਾਰ ਨੂੰ ਸਟੇਜ ਤੋਂ ਨਾਟਕ ਬਾਰੇ ਬੋਲਦਿਆਂ ਤੱਕਿਆ, ਤਾਂ ਬੇਵਿਸ਼ਵਾਸੀ ਜਹੀ ਵਿਚ ਮਨ 'ਚ ਸੋਚਿਆ ਕਿ ਅਜਿਹੇ ਰੱਜੇ-ਪੁੱਜੇ ਅਤੇ ਸ਼ਹਿਰੀ ਬੋਲੀ ਬੋਲਣ ਵਾਲੇ ਬੰਦੇ ਦਾ ਇਨਕਲਾਬੀ ਸਟੇਜ ਉੱਤੇ ਕੀ ਕੰਮ? ਉਨ੍ਹਾਂ ਉਥੇ ਆਪਣਾ ਚਰਚਿਤ ਨਾਟਕ "ਧਮਕ ਨਗਾਰੇ ਦੀ" ਆਪਣੀ ਵੱਡੀ ਟੀਮ, ਲੋੜੀਂਦੇ ਸੈੱਟ ਅਤੇ ਪੁਰਾਤਨ ਪੰਜਾਬੀ ਪਹਿਰਾਵਿਆਂ ਸਹਿਤ ਪੂਰੀ ਤਿਆਰੀ ਨਾਲ ਖੇਡਿਆ। ਇਸ ਨਾਟਕ ਨੇ ਮੈਨੂੰ ਬੁਰੀ ਤਰ੍ਹਾਂ ਕੀਲ ਲਿਆ। ਆਪਣੀ ਵਲੰਟੀਅਰ ਦੀ ਡਿਊਟੀ ਨੂੰ ਭੁੱਲ ਕੇ ਮੈਂ ਪੂਰੀ ਤਰ੍ਹਾਂ ਨਾਟਕ ਵਿਚ ਖੁੱਭ ਗਿਆ। ਇਹ ਤਲਿਸਮ ਹਕੂਮਤ ਦੇ ਜਬਰ ਖ਼ਿਲਾਫ ਲੋਕ-ਸੰਗਰਾਮ ਦੇ ਨਿਰੰਤਰ ਜਾਰੀ ਰਹਿਣ ਦੀ ਬਾਤ ਪਾਉਂਦੇ ਇਸ ਨਾਟਕ ਦੀ ਸਮਾਪਤੀ ਨਾਲ ਹੀ ਟੁੱਟਿਆ। ਤਦ ਇਹ ਪੁੱਛਣ 'ਤੇ ਕਿ ਸਰਕਾਰੀ ਅਫਸਰ ਜਾਪਦਾ ਇਹ ਸਰਦਾਰ ਹੈ ਕੌਣ? ਇਕ ਸਾਥੀ ਨੇ ਹੈਰਾਨੀ ਨਾਲ ਦੱਸਿਆ— ਤੂੰ ਨੀਂ ਜਾਣਦਾ? ਇਹ ਅੰਮ੍ਰਿਤਸਰ ਵਾਲੇ ਗੁਰਸ਼ਰਨ ਭਾਅ ਜੀ ਨੇ! ਇਨ੍ਹਾਂ ਦੇ ਡਰਾਮੇ ਬਹੁਤ ਮਸ਼ਹੂਰ ਨੇ। ਇਨਕਲਾਬੀ ਕਿਤਾਬਾਂ ਵੀ ਛਾਪਦੇ ਨੇ। ਉਹ ਦਿਨ ਗਿਆ ਅਤੇ ਆਹ ਦਿਨ ਆਇਆ, ਨਾ ਮੁੜ ਮੈਨੂੰ ਕਦੇ ਗੁਰਸ਼ਰਨ ਸਿੰਘ ਦਾ ਨਾਮ ਭੁੱਲਿਆ ਅਤੇ ਨਾ ਉਨ੍ਹਾਂ ਦੀ ਉਹ ਮਨ ਨੂੰ ਝੰਜੋੜ ਦੇਣ ਵਾਲੀ ਗਰਜਦਾਰ ਅਵਾਜ਼। ਜਦੋਂ ਵੀ ਮੈਨੂੰ ਆਸ-ਪਾਸ ਕਿਧਰੇ ਉਨ੍ਹਾਂ ਦੇ ਨਾਟਕ ਹੋਣ ਦੀ ਖ਼ਬਰ ਮਿਲਦੀ, ਮੈਂ ਹਰ ਹਾਲਤ ਉੱਥੇ ਪਹੁੰਚ ਜਾਂਦਾ।

ਇਹ ਤਾਂ ਸੀ ਮੇਰੇ ਵੱਲੋਂ ਇਕਤਰਫ਼ਾ ਤੌਰ 'ਤੇ ਉਨ੍ਹਾਂ ਨੂੰ ਦੂਰੋਂ-ਦੂਰੋਂ ਜਾਣਨਾ। ਕਰੀਬੀ ਪਛਾਣ ਉਦੋਂ ਹੋਈ ਜਦੋਂ ਸਾਲ 1978 ਵਿਚ ਅਸੀਂ ਆਪਣੇ ਪੋਲੀਟੈਕਨੀਕ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਉਨ੍ਹਾਂ ਦੇ ਨਾਟਕ ਕਰਵਾਏ। ਪੀ.ਐਸ.ਯੂ. ਦੀ ਕਾਲਜ ਇਕਾਈ ਦਾ ਪ੍ਰਧਾਨ ਹੋਣ ਕਾਰਨ ਉਦੋਂ ਅੰਮ੍ਰਿਤਸਰ ਵਿਖੇ ਉਨ੍ਹਾਂ ਦੀ ਖਾਲਸਾ ਕਾਲਜ ਨੇੜਲੀ ਪੁਸ਼ਤੈਨੀ ਕੋਠੀ "ਗੁਰੂ ਖਾਲਸਾ ਨਿਵਾਸ" ਪਹੁੰਚ ਕੇ ਉਨ੍ਹਾਂ ਤੋਂ ਪ੍ਰੋਗਰਾਮ ਲਈ ਤਾਰੀਕ ਤੇ ਸਮਾਂ ਲੈਣ ਜਾਂ ਉਨ੍ਹਾਂ ਨੂੰ ਕਾਲਜ ਪਹੁੰਚਣ 'ਤੇ ਜੀ-ਆਇਆਂ ਕਹਿਣ ਦੌਰਾਨ ਨਿੱਜੀ ਤੌਰ 'ਤੇ ਮੈਂ ਉਨ੍ਹਾਂ ਦੇ ਸੰਪਰਕ ਵਿਚ ਆਇਆ। ਉਸ ਤੋਂ ਬਾਅਦ ਉਨ੍ਹਾਂ ਨੇ ਵੀ ਮੈਨੂੰ ਕਦੇ ਨਹੀਂ ਭੁਲਾਇਆ ਅਤੇ ਸਮਾਂ ਗੁਜ਼ਰਨ ਨਾਲ ਇਹ ਪਛਾਣ ਲਗਾਤਾਰ ਹੋਰ ਗੂੜ੍ਹੀ ਹੁੰਦੀ ਗਈ।

ਕਾਲਜ ਵਾਲੇ ਸਮਾਗਮ ਦੀ ਇਕ ਯਾਦ ਇਹ ਵੀ ਹੈ ਕਿ ਕਿਵੇਂ ਸਰਕਾਰ ਤੋਂ ਡਰਦੇ ਹੋਏ ਸਾਡੇ ਪ੍ਰਿੰਸੀਪਲ ਨੇ ਸਾਰੇ ਸਟਾਫ ਨੂੰ ਇਸ ਸਭਿਆਚਾਰਕ ਸਮਾਗਮ ਦੇ ਨੇੜੇ ਨਾ ਫਟਕਣ ਦੀ ਜ਼ੁਬਾਨੀ ਹਿਦਾਇਤ ਕਰ ਦਿੱਤੀ ਸੀ, ਜਦੋਂ ਕਿ ਸਾਡੇ ਕਾਫ਼ੀ ਸਾਰੇ ਸਟਾਫ ਮੈਂਬਰ ਅਤੇ ਲੈਕਚਰਾਰ ਲੰਬੇ ਕਾਲੇ ਦੌਰ ਤੋਂ ਬਾਅਦ ਕਾਲਜ ਵਿਚ ਹੋ ਰਹੇ ਇਸ ਪਹਿਲੇ ਸਭਿਆਚਾਰਕ ਪ੍ਰੋਗਰਾਮ ਵਿਚ ਸ਼ਾਮਲ ਹੋਣ ਦੇ ਕਾਫ਼ੀ ਇੱਛੁਕ ਸਨ। ਚਲਦੇ ਸਮਾਗਮ ਵਿਚ ਪ੍ਰਿੰਸੀਪਲ ਦੀ ਇਸ ਹਿਦਾਇਤ ਬਾਰੇ ਪਤਾ ਲੱਗਣ 'ਤੇ ਅਸੀਂ ਇਹ ਗੱਲ ਸਟੇਜ ਉਪਰ ਬੈਠੇ ਭਾਅ ਜੀ ਤੱਕ ਪਹੁੰਚਾ ਦਿੱਤੀ। ਉਨ੍ਹਾਂ ਆਪਣੀ ਜਾਣੀ-ਪਛਾਣੀ ਰੋਹਬਦਾਰ

ਅਵਾਜ਼ ਵਿਚ ਮਾਇਕ ਤੋਂ ਪ੍ਰਿੰਸੀਪਲ ਅਤੇ ਸਟਾਫ ਨੂੰ ਵੰਗਾਰਦਿਆਂ ਕਿਹਾ- "ਤੁਸੀਂ ਇੰਞ ਡਰਪੋਕ ਨਾ ਬਣੋ। ਜੇ ਉਹ ਸਰਕਾਰ ਮੇਰਾ ਕੁਝ ਨਹੀਂ ਵਿਗਾੜ ਸਕਦੀ, ਜੋ ਇਕ ਗਜ਼ਟਿਡ ਅਫਸਰ ਹੁੰਦਾ ਹੋਇਆ ਇਹ ਨਾਟਕ ਖੇਡ ਰਿਹਾ ਹਾਂ, ਤਾਂ ਉਹ ਸਰਕਾਰ ਸਿਰਫ਼ ਨਾਟਕ ਦੇਖਣ ਬਦਲੇ ਤੁਹਾਡਾ ਕੀ ਵਿਗਾੜ ਦੇਵੇਗੀ? ਸੱਚ ਵੇਖਣ, ਸੱਚ ਸੁਣਨ ਅਤੇ ਸੱਚ ਕਹਿਣ ਲਈ ਸਾਨੂੰ ਨਿਡਰ ਹੋਣਾ ਪਏਗਾ।" ਇਹ ਵੰਗਾਰ ਜਾਂ ਫਿਟਕਾਰ ਸੁਣ ਕੇ ਦੂਰੋਂ ਖਲੋ ਕੇ ਸਮਾਗਮ ਵੇਖ ਰਹੇ ਕਾਲਜ ਦੇ ਕਾਫ਼ੀ ਸਾਰੇ ਸਟਾਫ ਮੈਂਬਰ ਪੰਡਾਲ ਵਿਚ ਆ ਪਹੁੰਚੇ ਸਨ।

1982 ਵਿਚ ਨੌਕਰੀ ਮਿਲਣ 'ਤੇ ਮੈਂ ਤਲਵਾੜਾ ਟਾਊਨਸ਼ਿਪ (ਜ਼ਿਲ੍ਹਾ ਹੁਸ਼ਿਆਰਪੁਰ) ਪਹੁੰਚ ਗਿਆ। ਇਹੀ ਉਹ ਦੌਰ ਸੀ ਜਦੋਂ ਪੰਜਾਬ ਵਿਚ ਖਾਲਿਸਤਾਨੀ ਦਹਿਸ਼ਤਗਰਦੀ ਨੇ ਤੇਜ਼ੀ ਨਾਲ ਆਪਣਾ ਫੈਲਾਅ ਕਰਨਾ ਆਰੰਭਿਆ ਸੀ। ਬਿਲਕੁੱਲ ਨਵੇਂ ਅਤੇ ਅਣਜਾਣੇ ਇਲਾਕੇ ਵਿਚ ਆਪਣੇ ਹਮਖ਼ਿਆਲ ਲੱਭਣ ਅਤੇ ਤਿਆਰ ਕਰਨ ਵਿਚ ਮੈਨੂੰ ਕਰੀਬ ਦੋ ਕੁ ਸਾਲ ਦਾ ਸਮਾਂ ਲੱਗਿਆ। 1984 ਦੇ ਆਰੰਭ ਵਿਚ ਅਸੀਂ ਉਥੇ "ਡੈਮੋਕਰੇਟਿਕ ਪੀਪਲਜ਼ ਫਰੰਟ ਤਲਵਾੜਾ" ਨਾਂ ਦਾ ਇਕ ਸਮਾਜਿਕ-ਰਾਜਸੀ ਮੰਚ ਸਥਾਪਤ ਕਰ ਲਿਆ। ਇਸ ਮੰਚ ਦੇ ਮੁੱਢਲੇ ਦੌਰ ਵਿਚ ਅਸੀਂ ਤਹਿ ਕੀਤਾ ਕਿ ਫਰੰਟ ਦੀਆਂ ਮਾਸਿਕ ਮੀਟਿੰਗਾਂ ਵਿਚ ਕਿਸੇ ਨਾ ਕਿਸੇ ਅਨੁਭਵੀ ਲੇਖਕ, ਚਿੰਤਕ ਜਾਂ ਵਿਦਵਾਨ ਨੂੰ ਬੁਲਾ ਕੇ ਕਿਸੇ ਭਖਦੇ ਮਸਲੇ ਉੱਤੇ ਉਸ ਦੇ ਵਿਚਾਰ ਸੁਣੇ ਜਾਣ, ਤਾਂ ਜੋ ਵੱਖ-ਵੱਖ ਸਮਕਾਲੀ ਮੁੱਦਿਆਂ ਬਾਰੇ ਫਰੰਟ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਦੀ ਸਮਝ ਅਤੇ ਪਹੁੰਚ ਦਾ ਵਿਕਾਸ ਹੋ ਸਕੇ। ਇਸ ਸਿਲਸਿਲੇ ਵਿਚ ਸਾਡੀ ਪਹਿਲੀ ਮੀਟਿੰਗ ਨੂੰ ਸੰਬੋਧਨ ਕਰਨ ਵਾਲੇ ਗੁਰਸ਼ਰਨ ਭਾਅ ਜੀ ਹੀ ਸਨ। ਉਦੋਂ ਹਾਲੇ ਉਹ ਅੰਮ੍ਰਿਤਸਰ ਵਿਖੇ ਹੀ ਰਹਿੰਦੇ ਸਨ। ਮੈਂ ਜਦੋਂ ਉਨ੍ਹਾਂ ਨੂੰ ਚਿੱਠੀ ਲਿਖ ਕੇ (ਹੈਰਾਨ ਹੋਣ ਦੀ ਜ਼ਰੂਰਤ ਨਹੀਂ; ਅਜੇ ਟੈਲੀਫ਼ੋਨ ਦੀ ਸਹੂਲਤ ਬੜੀ ਹੀ ਸੀਮਤ ਸੀ ਅਤੇ ਮੋਬਾਇਲ ਫ਼ੋਨ ਤਾਂ ਉਸ ਵਕਤ ਹਾਲੇ ਭਵਿੱਖ ਦੀ ਕੁੱਖ ਵਿਚ ਹੀ ਸਨ। ਸੋ ਉਦੋਂ ਅਸੀਂ ਮਿਲਣ ਜਾਂ ਸਮਾਗਮਾਂ-ਮੀਟਿੰਗਾਂ ਲਈ ਸਮਾਂ ਲੈਣ ਵਰਗੇ ਸਾਰੇ ਜ਼ਰੂਰੀ ਕੰਮ ਚਿੱਠੀਆਂ ਰਾਹੀਂ ਜਾਂ ਆਹਮੋ-ਸਾਹਮਣੇ ਮਿਲ ਕੇ ਹੀ ਕਰਿਆ ਕਰਦੇ ਸਾਂ! ਭਾਅ ਜੀ ਵੀ ਸਾਨੂੰ ਸਾਰਿਆਂ ਨੂੰ ਅਕਸਰ ਹੀ ਚਿੱਠੀਆਂ ਲਿਖਿਆ- ਲਿਖਵਾਇਆ ਕਰਦੇ ਸਨ।) ਇਸ ਮੀਟਿੰਗ ਲਈ ਸਮਾਂ ਮੰਗਿਆ, ਤਾਂ ਉਨ੍ਹਾਂ ਨੇ ਜਵਾਬੀ ਖ਼ਤ ਵਿਚ ਲਿਖਿਆ 'ਮੈਂ 25 ਦਸੰਬਰ (1984) ਨੂੰ ਟਾਂਡਾ ਉੜਮੁੜ ਆਉਣਾ ਹੈ। ਉਥੇ ਅਸੀਂ ਨਾਟਕ ਖੇਡਣੇ ਹਨ। ਇਹ ਦੁਪਹਿਰ ਦਾ ਪ੍ਰੋਗਰਾਮ ਹੈ ਅਤੇ ਬਾਅਦ ਦੁਪਹਿਰ ਮੈਂ ਉਥੋਂ ਵੇਹਲਾ ਹੋ ਜਾਵਾਂਗਾ। ਅਗਰ ਤੁਸੀਂ ਇਸ ਦਿਨ ਆਪਣੀ ਮੀਟਿੰਗ ਰੱਖ ਸਕਦੇ ਹੋ, ਤਾਂ ਇਕ ਸਾਥੀ ਟਾਂਡੇ ਆ ਕੇ ਮੈਨੂੰ ਲੈ ਜਾਵੇ। ਨਾਟਕ ਟੀਮ ਵਾਪਸ ਚਲੀ ਜਾਵੇਗੀ ਅਤੇ ਮੈਂ ਤੁਹਾਡੇ ਕੋਲ ਆ ਜਾਵਾਂਗਾ।'

ਉਨ੍ਹਾਂ ਦੀ ਇਹ ਚਿੱਠੀ ਪੜ੍ਹ ਕੇ ਮੈਂ ਬਾਗੋ-ਬਾਗ ਹੋ ਗਿਆ। ਇਹ ਸਾਡੀ ਛੋਟੀ ਜਿਹੀ ਸਥਾਨਕ ਅਤੇ ਨਵੀਂ-ਨਵੀਂ ਬਣੀ ਜਥੇਬੰਦੀ ਲਈ ਬਹੁਤ ਵੱਡੇ ਮਾਣ ਵਾਲੀ ਗੱਲ ਸੀ ਕਿ ਉਸ ਦੀ ਮੀਟਿੰਗ ਨੂੰ ਸੰਬੋਧਨ ਕਰਨ ਲਈ, ਪੰਜਾਬ ਦੀ ਸਿਰਮੌਰ ਇਨਕਲਾਬੀ ਸ਼ਖ਼ਸੀਅਤ ਨੇ ਆਪਣੇ ਬੇਹੱਦ ਰੁਝੇਵਿਆਂ ਦੇ ਬਾਵਜੂਦ ਐਨੀ ਅਸਾਨੀ ਨਾਲ ਹਾਮੀ ਭਰ ਦਿੱਤੀ ਸੀ। ਮੈਂ "ਡੈਮੋਕਰੇਟਿਕ ਪੀਪਲਜ਼ ਫਰੰਟ ਤਲਵਾੜਾ" ਦੇ ਜਨਰਲ ਸਕੱਤਰ ਵਜੋਂ ਤੁਰੰਤ ਚਿੱਠੀ ਕੱਢ ਕੇ ਸਾਰੇ ਮੈਂਬਰਾਂ ਨੂੰ ਇਸ ਮੀਟਿੰਗ ਦੇ ਅਤੇ ਗੁਰਸ਼ਰਨ ਸਿੰਘ ਜੀ ਦੇ ਪਹੁੰਚਣ ਬਾਰੇ

ਸੁਨੇਹੇ ਲਾਏ। ਅਸੀਂ ਇਹ ਯਕੀਨੀ ਬਣਾਇਆ ਕਿ ਸਾਡੇ ਸਾਰੇ ਮੈਂਬਰ ਅਤੇ ਹਮਦਰਦ ਮੀਟਿੰਗ ਵਿਚ ਲਾਜ਼ਮੀ ਹਾਜ਼ਰ ਹੋਣ। ਮਿੱਥੇ ਦਿਨ 'ਤੇ ਮੈਂ ਖ਼ੁਦ (ਕਿਉਂਕਿ ਉਦੋਂ ਤੱਕ ਸਾਡੇ ਕਿਸੇ ਵੀ ਹੋਰ ਸਾਥੀ ਦੀ ਉਨ੍ਹਾਂ ਨਾਲ ਜਾਣ-ਪਛਾਣ ਨਾ ਹੋਣ ਕਾਰਨ, ਉਹ ਭਾਅ ਜੀ ਨੂੰ ਲੈਣ ਜਾਣ ਤੋਂ ਹਿਚਕ ਰਹੇ ਸਨ) ਟਾਂਡੇ ਗਿਆ। ਉਨ੍ਹਾਂ ਦੇ ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ, ਉਹ ਮੇਰੇ ਨਾਲ ਬੱਸ ਵਿਚ ਬੈਠ ਕੇ ਤਲਵਾੜੇ ਲਈ ਚਲ ਪਏ। ਇਹ ਮੇਰਾ ਉਨ੍ਹਾਂ ਨਾਲ ਇੰਝ ਇਕੱਠੇ ਸਫ਼ਰ ਕਰਨ ਦਾ ਪਹਿਲਾ ਮੌਕਾ ਸੀ। ਕਰੀਬ ਡੇਢ ਘੰਟੇ ਦੇ ਇਸ ਸਫ਼ਰ ਵਿਚ ਉਨ੍ਹਾਂ ਮੈਥੋਂ ਮੇਰੇ ਪਰਿਵਾਰ, ਨੌਕਰੀ, ਸਾਡੇ ਸੰਗਠਨ, ਸਾਡੀ ਸਮਝਦਾਰੀ, ਤਲਵਾੜੇ ਵਿਚ ਕੰਮ ਕਰਦੀਆਂ ਹੋਰ ਜਥੇਬੰਦੀਆਂ ਅਤੇ ਉਨ੍ਹਾਂ ਨਾਲ ਸਾਡੇ ਸੰਬੰਧ ਬਾਰੇ ਬਹੁਤ ਸਾਰੇ ਸੁਆਲ ਪੁੱਛੇ। ਮੈਂ ਆਪਣੀ ਜਾਣਕਾਰੀ ਅਤੇ ਸੂਝ ਮੁਤਾਬਕ ਜਵਾਬ ਦਿੰਦਾ ਰਿਹਾ। ਇਹ ਗੱਲ ਤਾਂ ਮੈਨੂੰ ਬਾਅਦ ਵਿਚ ਸਮਝ ਆਈ ਕਿ ਦਰਅਸਲ ਉਹ ਇਨ੍ਹਾਂ ਸੁਆਲਾਂ ਦੇ ਜ਼ਰੀਏ ਸਥਾਨਕ ਸਥਿਤੀ, ਸਾਡੇ ਸੰਗਠਨ ਦੇ ਜਥੇਬੰਦਕ ਪੱਧਰ ਅਤੇ ਵਿਚਾਰਧਾਰਕ ਪਹੁੰਚ ਦਾ ਅੰਦਾਜ਼ਾ ਲਾ ਕੇ, ਰਾਤ ਨੂੰ ਹੋਣ ਵਾਲੀ ਮੀਟਿੰਗ ਵਿਚ ਕੀਤੀਆਂ ਜਾ ਸਕਣ ਵਾਲੀਆਂ ਗੱਲਾਂ ਬਾਰੇ ਮਨ ਬਣਾ ਰਹੇ ਸਨ।

ਇਸ ਸਫ਼ਰ ਦੌਰਾਨ ਉਨ੍ਹਾਂ ਆਪਣੇ ਅਨੁਭਵ 'ਚੋਂ ਮੈਨੂੰ ਨਿੱਜੀ ਤੌਰ 'ਤੇ ਦੋ ਸੁਝਾਅ ਵੀ ਦਿੱਤੇ। ਇਨ੍ਹਾਂ ਸੁਝਾਵਾਂ ਨੇ ਮੇਰੇ ਭਵਿੱਖੀ ਜੀਵਨ ਵਿਚ ਮੇਰੇ ਵਿਚਾਰਾਂ ਅਤੇ ਸਰਗਰਮੀਆਂ ਨੂੰ ਸੇਧ ਦੇਣ ਵਿਚ ਬੇਹੱਦ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦਾ ਕਹਿਣਾ ਸੀ "ਨੱਤ, ਮੈਂ ਤੈਨੂੰ ਦੋ ਗੱਲਾਂ ਕਹਿਣਾ ਚਾਹੁੰਨਾਂ। ਇਹ ਚੰਗੀ ਗੱਲ ਏ ਕਿ ਤੈਨੂੰ ਸਰਕਾਰੀ ਨੌਕਰੀ ਮਿਲ ਗਈ ਹੈ। ਇਕ ਤਾਂ ਜਜ਼ਬਾਤੀ ਹੋ ਕੇ ਕਦੇ ਆਪਣੇ ਹੱਥ ਨਾਲ ਨੌਕਰੀ ਤੋਂ ਅਸਤੀਫ਼ਾ ਨਾ ਦੇਵੀਂ, ਇਨਕਲਾਬੀ ਲਹਿਰ ਵਿਚ ਬੜੇ ਉਤਾਰ-ਚੜ੍ਹਾਅ ਆਉਂਦੇ ਨੇ। ਔਖੇ ਵੇਲਿਆਂ 'ਚ ਕਈ ਵਾਰ ਗੁਜ਼ਾਰਾ ਬੜਾ ਮੁਸ਼ਕਿਲ ਹੋ ਜਾਂਦਾ ਹੈ। ਕਈ ਸਾਥੀ ਫੇਰ ਬੜਾ ਪਛਤਾਉਂਦੇ ਨੇ।...ਅਤੇ ਦੂਜੀ ਗੱਲ, ਸਿਆਸੀ ਸਰਗਰਮੀ ਕਰਦਾ ਹੋਇਆ ਕਦੇ ਇਹ ਸੋਚ ਕੇ ਕਿ ਤੂੰ ਸਰਕਾਰੀ ਮੁਲਾਜ਼ਮ ਹੈਂ— ਪਿੱਛੇ ਨਾ ਰਹੀਂ ਜਾਂ ਝਿਜਕੀਂ ਨਾ। ਬੰਦਾ ਖ਼ੁਦ ਨਾ ਡਰੇ, ਇਹ ਸਰਕਾਰਾਂ ਸਾਡੇ ਵਰਗੇ ਲੋਕਾਂ ਦਾ ਕੁਝ ਨਹੀਂ ਵਿਗਾੜ ਸਕਦੀਆਂ।" ਫੇਰ ਉਨ੍ਹਾਂ ਮੈਨੂੰ ਦੱਸਿਆ ਕਿ ਕਿਵੇਂ ਭਾਖੜਾ ਡੈਮ ਉੱਤੇ ਇਕ ਗਜ਼ਟਿਡ ਅਫਸਰ ਵਜੋਂ ਨੌਕਰੀ ਕਰਦਿਆਂ ਮੈਂ ਮੋਢੇ ਬੈਟਰੀ ਨਾਲ ਚੱਲਣ ਵਾਲਾ ਛੋਟਾ ਲਾਊਡ ਸਪੀਕਰ ਪਾ ਕੇ ਨੰਗਲ ਅਤੇ ਆਸ-ਪਾਸ ਦੇ ਪਿੰਡਾਂ ਵਿਚ ਸੀ.ਪੀ.ਆਈ. ਦੇ ਉਮੀਦਵਾਰ ਕਾਮਰੇਡ ਰਾਮ ਕ੍ਰਿਸ਼ਨ ਭੜੋਲੀਆਂ ਲਈ ਚੋਣ ਪ੍ਰਚਾਰ ਕਰਦਾ ਰਿਹਾ ਹਾਂ ਅਤੇ ਨੌਕਰੀ ਤੋਂ ਸਵੈਇੱਛਤ ਰਿਟਾਇਰਮੈਂਟ ਲੈਣ ਤੋਂ ਪਹਿਲਾਂ ਵੀ ਖੁੱਲ੍ਹੇਆਮ ਸਰਕਾਰ ਖ਼ਿਲਾਫ਼ ਬੋਲਦਾ ਅਤੇ ਨਾਟਕ ਖੇਡਦਾ ਰਿਹਾ ਹਾਂ। ਖ਼ੁਫ਼ੀਆ ਪੁਲਸ ਵਾਲੇ ਪੁੱਛਗਿੱਛ ਕਰਦੇ ਰਹਿੰਦੇ ਸਨ, ਪਰ ਮੈਂ ਕਦੇ ਪਰਵਾਹ ਨਹੀਂ ਕੀਤੀ। ਸਰਕਾਰ ਨੇ ਐਮਰਜੈਂਸੀ ਦੌਰਾਨ ਮੈਨੂੰ ਚੁੱਪ ਕਰਾਉਣ ਲਈ ਝੂਠੇ ਕੇਸ ਵਿਚ ਫੜ ਕੇ ਜੇਲ੍ਹ ਵੀ ਭੇਜਿਆ ਅਤੇ ਨੌਕਰੀ ਤੋਂ ਮੁਅਤਲ ਵੀ ਕੀਤਾ, ਪਰ ਰਿਹਾਈ ਤੋਂ ਬਾਅਦ ਮੈਂ ਨੌਕਰੀ 'ਤੇ ਮੁੜ ਬਹਾਲ ਹੋ ਕੇ ਸਗੋਂ ਹੋਰ ਵਧੇਰੇ ਸਰਗਰਮ ਹੋ ਗਿਆ। ਜਦੋਂ ਮੈਂ ਸਖ਼ਤੀ ਨਾਲ ਆਪਣੇ ਨਾਟਕਾਂ ਵੱਲੋਂ ਨਾ ਟਲਿਆ, ਤਾਂ ਉਨ੍ਹਾਂ (ਭਾਵ ਸਰਕਾਰਾਂ) ਨੇ ਮੈਨੂੰ ਇਨਾਮਾਂ-ਸਨਮਾਨਾਂ ਨਾਲ ਵੀ ਆਪਣੇ ਪਾਲੇ 'ਚ ਖਿੱਚਣ ਦੀਆਂ ਕੋਸ਼ਿਸ਼ਾਂ ਕੀਤੀਆਂ, ਖ਼ੈਰ ਜ਼ਿੰਦਗੀ ਵਿਚ ਇਹ ਵੱਖ-ਵੱਖ ਪੜਾਅ

ਆਉਂਦੇ ਨੇ, ਪਰ ਬੰਦੇ ਨੂੰ ਬਿਨਾਂ ਡਰ, ਬਿਨਾਂ ਹਿਚਕ ਆਪਣੇ ਕੰਮ ਵਿਚ ਡੱਟਿਆ ਰਹਿਣਾ ਚਾਹੀਦਾ ਹੈ।

ਇੰਝ ਉਨ੍ਹਾਂ ਦੇ ਡੂੰਘੇ ਅਤੇ ਲੰਬੇ ਜੀਵਨ ਅਨੁਭਵ 'ਚੋਂ ਉਪਜੀਆਂ ਇਹ ਕੀਮਤੀ ਗੱਲਾਂ ਸੁਣਦਿਆਂ, ਪਤਾ ਹੀ ਨਾ ਲੱਗਾ ਅਸੀਂ ਕਦੋਂ ਤਲਵਾੜਾ ਟਾਊਨਸ਼ਿਪ ਪਹੁੰਚ ਗਏ। ਅਸੀਂ ਸੈਕਟਰ 3 ਦੇ ਬੱਸ ਸਟਾਪ ਉੱਤੇ ਉਤਰ ਗਏ। ਉਦੋਂ ਨਾ ਤਾਂ ਉਥੇ ਰਿਕਸ਼ੇ ਹੁੰਦੇ ਸਨ ਅਤੇ ਨਾ ਹੀ ਹਾਲੇ ਸਾਡੇ ਕਿਸੇ ਵੀ ਸਾਥੀ ਕੋਲ ਕੋਈ ਸਕੂਟਰ-ਮੋਟਰਸਾਈਕਲ ਹੀ ਸੀ। ਸੋ ਅਸੀਂ ਪੈਦਲ ਹੀ ਤੁਰ ਕੇ ਹਾਈਡਲ ਕਲੋਨੀ ਪਹੁੰਚੇ। ਦਸੰਬਰ ਦਾ ਆਖ਼ਰੀ ਹਫ਼ਤਾ ਚੱਲ ਰਿਹਾ ਹੋਣ ਕਾਰਨ ਸਰਦੀ ਜ਼ੋਰਾਂ 'ਤੇ ਸੀ। ਸਾਡੇ ਕੁਆਟਰ ਨੰਬਰ ਈਬੀ-74 (ਜੋ ਮੇਰੀ ਰਿਹਾਇਸ਼ ਵੀ ਸੀ ਅਤੇ ਡੈਮੋਕਰੇਟਿਕ ਪੀਪਲਜ਼ ਫਰੰਟ ਦਾ ਦਫ਼ਤਰ ਵੀ) ਵਿਚ ਅਪੜਨ ਤੱਕ ਕਾਫ਼ੀ ਸਾਥੀ ਆ ਚੁੱਕੇ ਸਨ। ਸਾਡੇ ਖਾਣਾ ਖਾ ਕੇ ਵੇਹਲੇ ਹੋਣ 'ਤੇ ਰਾਤ ਨੂੰ ਕਰੀਬ ਸਾਢੇ ਅੱਠ ਵਜੇ ਇਹ ਮੀਟਿੰਗ ਆਰੰਭ ਹੋਈ। ਕਮਰੇ ਵਿਚ ਵਿਛੇ ਗਲੀਚੇ 'ਤੇ ਸਾਡੇ 20-22 ਸਾਥੀ ਕੰਬਲਾਂ-ਲੋਈਆਂ ਦੀਆਂ ਬੁੱਕਲਾਂ ਮਾਰੀ ਬੈਠੇ ਸਨ। ਮੈਂ ਹਾਜ਼ਰ ਸਾਥੀਆਂ ਨੂੰ ਭਾਅ ਜੀ ਬਾਰੇ ਅਤੇ ਭਾਅ ਜੀ ਨੂੰ ਸਾਥੀਆਂ ਬਾਰੇ ਸੰਖੇਪ ਜਾਣ-ਪਛਾਣ ਕਰਾਈ। ਤਦ ਅਸੀਂ ਉਨ੍ਹਾਂ ਨੂੰ ਦੇਸ਼ ਅਤੇ ਪੰਜਾਬ ਵਿਚ ਬਣੀ ਵਿਸਫੋਟਕ ਹਾਲਤ, ਵਧ ਰਹੀ ਫਿਰਕਾਪ੍ਰਸਤੀ, ਦਹਿਸ਼ਤਗਰਦੀ ਅਤੇ ਪੁਲਸ ਜਬਰ, ਇਨ੍ਹਾਂ ਦਾ ਟਾਕਰਾ ਕਿਵੇਂ ਕੀਤਾ ਜਾਵੇ, ਇਨਕਲਾਬ ਕਿਵੇਂ ਹੋਵੇਗਾ— ਜਾਣੀ ਕਿ ਸਾਡੇ ਮਨਾਂ ਵਿਚ ਜੋ ਸੈਂਕੜੇ ਸੁਆਲ ਕੁਲਬੁਲਾ ਰਹੇ ਸਨ, ਉਨ੍ਹਾਂ ਸਾਰਿਆਂ ਬਾਰੇ ਰੋਸ਼ਨੀ ਪਾਉਣ ਲਈ ਕਿਹਾ।

25 ਦਸੰਬਰ 1984 ਦੀ ਉਸ ਸਰਦ ਰਾਤ ਨੂੰ, ਤਲਵਾੜੇ ਵਰਗੇ ਪੰਜਾਬ ਦੀ ਐਨ ਹਿਮਾਚਲ ਨਾਲ ਲੱਗਦੀ ਇਕ ਨੁੱਕਰ 'ਚ ਵੱਸੇ ਇਕ ਛੋਟੇ ਜਿਹੇ ਅਰਧ ਪਹਾੜੀ ਕਸਬੇ ਦੇ ਇਕ ਕੁਆਟਰ ਵਿਚ ਜੁੜੇ ਉਨ੍ਹਾਂ ਰਾਜਸੀ ਸਮਝ ਬੂਝ ਵੱਲੋਂ ਕਰੀਬ-ਕਰੀਬ ਕੋਰੇ 20 ਕੁ ਮਜ਼ਦੂਰ ਤੇ ਮੁਲਾਜ਼ਮ ਸਾਥੀਆਂ ਸਾਹਮਣੇ ਭਾਅ ਜੀ ਆਮ ਨਾਲੋਂ ਉਲਟ, ਬੜੇ ਠਰੰਮੇ ਨਾਲ ਲੱਗਭਗ ਡੇਢ-ਪੌਣੇ ਦੋ ਘੰਟੇ ਬੋਲੇ। ਬੋਲੇ ਕਾਹਦੇ, ਉਨ੍ਹਾਂ ਬਾਕਾਇਦਾ ਸਾਡੀ ਸਕੂਲਿੰਗ ਕੀਤੀ। ਉਨ੍ਹਾਂ ਪੰਜਾਬ 'ਚ ਅੱਤਵਾਦ ਪੈਦਾ ਹੋਣ ਦੇ ਕਾਰਨਾਂ, ਕੇਂਦਰੀ ਤੇ ਸੂਬਾਈ ਹੁਕਮਰਾਨਾਂ ਦੀਆਂ ਗ਼ੈਰ ਜਮਹੂਰੀ ਚਾਲਾਂ, ਧੋਖੇਬਾਜ਼ੀਆਂ, ਅਪਰੇਸ਼ਨ ਬਲਿਊ ਸਟਾਰ, ਪ੍ਰਧਾਨ ਮੰਤਰੀ ਇੰਦਰਾ ਦੇ ਕਤਲ ਅਤੇ ਉਸ ਤੋਂ ਬਾਅਦ ਨਵੰਬਰ 1984 'ਚ ਰਾਜਧਾਨੀ ਦਿੱਲੀ ਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਜਥੇਬੰਦ ਰੂਪ ਵਿਚ ਰਚਾਏ ਗਏ ਬੇਕਸੂਰ ਸਿੱਖ ਅਬਾਦੀ ਦੇ ਭਿਆਨਕ ਕਤਲੇਆਮ ਬਾਰੇ ਘਟਨਾਵਾਂ ਦੀ ਇਕ ਲੜੀ ਦੇ ਰੂਪ ਵਿਚ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਹੁਕਮਰਾਨ ਜਮਾਤਾਂ ਆਪਣੇ ਰਾਜਸੀ ਸੰਕਟ ਨੂੰ ਟਾਲਣ ਅਤੇ ਜਮਾਤੀ ਆਧਾਰ 'ਤੇ ਦੇਸ਼ ਦੀ ਜਨਤਾ ਦੀ ਹੋਣ ਵਾਲੀ ਸੰਭਾਵਿਤ ਕਤਾਰਬੰਦੀ ਨੂੰ ਗੁੰਮਰਾਹ ਕਰਨ ਲਈ ਹੀ ਕੌਮੀ, ਨਸਲੀ, ਧਾਰਮਿਕ ਜਾਂ ਜਾਤੀ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ ਆਮ ਜਨਤਾ ਨੂੰ ਆਪਸੀ ਟਕਰਾਅ ਵਿਚ ਧੱਕ ਰਹੀਆਂ ਹਨ, ਤਾਂ ਜੋ ਉਹ ਆਪ ਮੁਜ਼ਰਿਮ ਦੀ ਬਜਾਏ, ਜੱਜ ਦੀ ਭੂਮਿਕਾ ਵਿਚ ਆ ਜਾਣ। ਇਸ ਦੇ ਟਾਕਰੇ ਲਈ ਮਹਿਜ਼ ਅੱਤਵਾਦ ਖ਼ਿਲਾਫ਼ ਬੋਲਣ ਜਾਂ ਜ਼ੁਬਾਨੀ ਜਮ੍ਹਾਂ ਖ਼ਰਚ ਤੱਕ ਸੀਮਤ ਰਹਿਣ ਦੀ ਬਜਾਏ, ਸਾਨੂੰ ਵੀ ਐਨ ਉਸੇ ਨੁਕਤੇ ਉੱਤੇ ਜ਼ੋਰ ਦੇਣਾ ਚਾਹੀਦਾ ਹੈ ਜਾਣੀ ਕਿ ਆਮ ਜਨਤਾ ਨੂੰ ਆਪੋ ਵਿਚ

ਉਲਝਣ ਤੋਂ ਰੋਕਣ ਲਈ, ਉਨ੍ਹਾਂ ਨੂੰ ਜ਼ਿੰਦਗੀ ਦੇ ਬੁਨਿਆਦੀ ਮੁੱਦਿਆਂ ਉੱਤੇ ਜਦੋਜਹਿਦ ਲਈ ਜਮਾਤੀ ਆਧਾਰ 'ਤੇ ਜਾਗ੍ਰਿਤ ਅਤੇ ਲਾਮਬੰਦ ਕਰਨਾ। ਉਨ੍ਹਾਂ ਉਦਾਹਰਨ ਦਿੰਦਿਆਂ ਦੱਸਿਆ ਕਿ ਵੱਖ-ਵੱਖ ਪਾਰਟੀਆਂ ਨਾਲ ਜੁੜੇ ਹੋਣ ਦੇ ਬਾਵਜੂਦ ਅੰਮ੍ਰਿਤਸਰ ਜ਼ਿਲ੍ਹੇ ਦੇ ਦੋ ਨੌਜਵਾਨ ਕਾਮਰੇਡ ਬਲਦੇਵ ਮਾਨ ਨੌਜਵਾਨਾਂ ਤੇ ਕਿਸਾਨਾਂ ਵਿਚ ਅਤੇ ਦੀਪਕ ਧਵਨ ਖੇਤ ਮਜ਼ਦੂਰਾਂ ਨੂੰ ਲਾਮਬੰਦ ਕਰਨ ਲਈ ਬੜਾ ਚੰਗਾ ਕੰਮ ਕਰ ਰਹੇ ਹਨ। ਤਲਵਾੜਾ-ਬਿਆਸ ਡੈਮ, ਸ਼ਾਹ ਨਹਿਰ ਅਤੇ ਮੁਕੇਰੀਆਂ ਹਾਈਡਲ ਚੈਨਲ ਵਰਗੇ ਵੱਡੇ ਪ੍ਰੋਜੈਕਟਾਂ 'ਤੇ ਕੰਮ ਕਰ ਰਹੇ ਮਜ਼ਦੂਰਾਂ-ਮੁਲਾਜ਼ਮਾਂ ਦਾ ਸ਼ਹਿਰ ਹੈ, ਤੁਸੀਂ ਵੀ ਇਨ੍ਹਾਂ ਨੂੰ ਸਹੀ ਦਿਸ਼ਾ ਵਿਚ ਇਕਜੁੱਟ ਕਰੋ, ਤਾਂ ਬੜੇ ਚੰਗੇ ਨਤੀਜੇ ਨਿਕਲਣਗੇ।

ਇਨਕਲਾਬ ਕੀ ਹੈ? ਇਹ ਕਿਵੇਂ ਆਵੇਗਾ? ਵਰਗੇ ਸੁਆਲਾਂ ਬਾਰੇ ਸ਼ੁਰੂ ਵਿਚ ਥੋੜ੍ਹੀ ਝਿਜਕ ਤੋਂ ਬਾਅਦ ਉਨ੍ਹਾਂ ਮਾਰਕਸਵਾਦ ਦੇ ਟਕਸਾਲੀ ਟੀਚਰਾਂ ਵਾਂਗ ਵਿਸਥਾਰ ਨਾਲ ਵਿਆਖਿਆ ਕਰਨੀ ਆਰੰਭ ਕੀਤੀ ਕਿ ਕਿਵੇਂ 'ਸਟੇਟ ਇਕ ਜਮਾਤ ਵੱਲੋਂ ਦੂਜੀ ਜਮਾਤ/ਜਮਾਤਾਂ ਉੱਤੇ ਰਾਜ ਕਰਨ ਦਾ ਇਕ ਹਥਿਆਰ ਹੈ। ਕਿਵੇਂ ਭਾਰਤ ਵਿਚ ਵੱਡੀ ਸਰਮਾਏਦਾਰੀ ਦਾ ਰਾਜ ਹੈ, ਜਿਸ ਦਾ ਸਾਮਰਾਜ ਤੇ ਜਗੀਰੂ ਤਾਕਤਾਂ ਨਾਲ ਗਠਜੋੜ ਹੈ। ਕਿਵੇਂ ਬੇਸ਼ੱਕ ਚੋਣਾਂ 'ਚ ਹਿੱਸਾ ਲੈਣ ਸਮੇਤ, ਸਾਰੇ ਜਮਹੂਰੀ ਢੰਗ-ਤਰੀਕਿਆਂ ਦੀ ਵਰਤੋਂ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ ਲਈ ਕੀਤੀ ਜਾ ਸਕਦੀ ਹੈ, ਪਰ ਅੰਤਮ ਤੌਰ 'ਤੇ ਇਨਕਲਾਬ ਨੂੰ ਜੇਤੂ ਬਣਾਉਣ ਲਈ ਹਥਿਆਰਬੰਦ ਜੰਗ ਜਾਂ ਬਗ਼ਾਵਤ ਦੀ ਜ਼ਰੂਰਤ ਪੈਂਦੀ ਹੈ, ਕਿਉਂਕਿ ਸੱਤਾ ਉੱਤੇ ਕਾਬਜ਼ ਜਮਾਤਾਂ ਕਦੇ ਵੀ ਇਨਕਲਾਬੀ ਤਬਦੀਲੀ ਨੂੰ ਸ਼ਾਂਤਮਈ ਤੇ ਜਮਹੂਰੀ ਤਰੀਕਿਆਂ ਨਾਲ ਨੇਪਰੇ ਨਹੀਂ ਚੜ੍ਹਨ ਦਿੰਦੀਆਂ।' ਮੇਰੇ ਲਈ ਇਹ ਗੱਲਾਂ ਕੋਈ ਓਪਰੀਆਂ ਨਹੀਂ ਸਨ, ਮੈਂ ਬਹੁਤ ਵਾਰੀ ਪਾਰਟੀ ਆਗੂਆਂ ਮੂੰਹੋਂ ਜਾਂ ਪਾਰਟੀ ਸਕੂਲਾਂ ਵਿਚ ਪਹਿਲਾਂ ਵੀ ਇਹ ਸਿਧਾਂਤ ਸੁਣ ਜਾਂ ਕੁਝ ਪੜ੍ਹ ਵੀ ਚੁੱਕਾ ਸਾਂ।

ਮੀਟਿੰਗ ਵਿਚ ਮੌਜੂਦ ਸਾਡੇ ਨਵੇਂ ਨੌਜਵਾਨ ਮਜ਼ਦੂਰ ਜਾਂ ਮੁਲਾਜ਼ਮ ਸਾਥੀ ਵੀ ਉਨ੍ਹਾਂ ਮੂੰਹੋਂ ਕਿਸੇ ਰੌਚਿਕ ਕਥਾ ਵਾਂਗ ਇਹ ਨਵੀਆਂ ਗੱਲਾਂ ਪੂਰੇ ਉਤਸ਼ਾਹ ਨਾਲ ਸੁਣ ਰਹੇ ਸਨ, ਪਰ ਸਾਡੀ ਮੀਟਿੰਗ ਵਿਚ ਕਨਾਲ ਹਸਪਤਾਲ ਤਲਵਾੜਾ ਵਿਖੇ ਤਾਇਨਾਤ ਇਕ ਡਾਕਟਰ ਕਲਸੀ ਵੀ ਮੌਜੂਦ ਸਨ। ਉਹ ਅਧਖੜ ਉਮਰ ਦੇ ਇਕ ਪਾਪੂਲਰ ਤੇ ਅਨੁਭਵੀ ਸਰਕਾਰੀ ਡਾਕਟਰ ਸਨ ਅਤੇ ਸਾਡੇ ਸੱਦੇ 'ਤੇ ਪਹਿਲੀ ਵਾਰ ਹੀ ਸਾਡੀ ਮੀਟਿੰਗ ਵਿਚ ਆਏ ਸਨ। ਇਕ ਵੱਡੀ ਉਮਰ ਦੇ, ਉੱਚ ਸਿੱਖਿਆ ਪ੍ਰਾਪਤ, ਉੱਚੇ ਸਰਕਾਰੀ ਅਹੁਦੇ ਤੋਂ ਰਿਟਾਇਰ ਹੋਏ ਅਤੇ ਖਾਂਦੇ-ਪੀਂਦੇ ਸ਼ਹਿਰੀ 'ਸਰਦਾਰ ਸਾਹਿਬ' ਜਾਪਦੇ ਭਾਅ ਜੀ ਗੁਰਸ਼ਰਨ ਸਿੰਘ ਦੇ ਮੂੰਹੋਂ - ਜਿਨ੍ਹਾਂ ਦਾ ਹੁਣ ਤੱਕ ਉਨ੍ਹਾਂ ਨਾਮ ਹੀ ਸੁਣਿਆ ਸੀ, ਪਰ ਮਿਲੇ ਅੱਜ ਪਹਿਲੀ ਵਾਰ ਹੀ ਸਨ - ਇਹੋ ਜਿਹੀਆਂ 'ਖ਼ਤਰਨਾਕ ਗੱਲਾਂ' ਸੁਣ ਕੇ ਡਾਕਟਰ ਸਾਹਿਬ ਬਹੁਤ ਹੈਰਾਨ-ਪ੍ਰੇਸ਼ਾਨ ਹੋ ਗਏ। ਉਨ੍ਹਾਂ ਗੁਰਸ਼ਰਨ ਸਿੰਘ ਨੂੰ ਕਿਹਾ ਕਿ 'ਇਹ ਤੁਸੀਂ ਹਥਿਆਰਾਂ ਦੀਆਂ, ਬਗ਼ਾਵਤ ਦੀਆਂ, ਸਰਕਾਰ ਉਲਟਾਉਣ ਵਰਗੀਆਂ ਗੱਲਾਂ ਕਿਉਂ ਕਰ ਰਹੇ ਹੋ? ਇਹ ਤਾਂ ਗ਼ੈਰ ਕਾਨੂੰਨੀ ਗੱਲਾਂ ਨੇ। ਅਸੀਂ ਸਰਕਾਰੀ ਮੁਲਾਜ਼ਮ ਹਾਂ, ਸਾਡਾ ਇਨ੍ਹਾਂ ਗੱਲਾਂ ਨਾਲ ਕੀ ਸਬੰਧ ਹੈ? ਤੁਹਾਨੂੰ ਅਜਿਹੀ ਸਿੱਖਿਆ ਨਹੀਂ ਦੇਣੀ ਚਾਹੀਦੀ।' ਭਾਅ ਜੀ ਨੇ ਇਕ ਵਾਰ ਥੋੜ੍ਹੀ ਪ੍ਰੇਸ਼ਾਨੀ ਨਾਲ ਮੇਰੇ ਵੱਲ ਦੇਖਿਆ। ਗ਼ਲਤੀ ਦਰਅਸਲ ਸਾਡੀ ਹੀ ਸੀ। ਮੀਟਿੰਗ ਵਿਚ

ਤਾਂ ਜਮਹੂਰੀ ਦਾਇਰੇ 'ਚ ਆਉਂਦੇ ਲੋਕਾਂ ਨੂੰ ਬੁਲਾ ਲਿਆ ਸੀ, ਪਰ ਸੁਆਲਾਂ ਦੇ ਲਿਹਾਜ਼ ਨਾਲ ਉਸ ਨੂੰ ਬਣਾ ਦਿੱਤਾ-ਇਨਕਲਾਬੀ ਕਾਡਰ ਦੀ ਮੀਟਿੰਗ ਜਾਂ ਸਕੂਲਿੰਗ। ਪਰ ਭਾਅ ਜੀ ਅਨੁਭਵੀ ਆਦਮੀ ਸਨ ਅਤੇ ਡਾਕਟਰ ਸਾਹਿਬ ਵਰਗੇ ਸ਼ਰੀਫ਼ ਮੱਧਵਰਗੀ ਲੋਕਾਂ ਨਾਲ ਉਨ੍ਹਾਂ ਦਾ ਉਮਰ ਭਰ ਨੇੜਲਾ ਵਾਹ ਰਿਹਾ ਸੀ। ਸੋ ਉਨ੍ਹਾਂ ਨੇ ਇਨ੍ਹਾਂ ਸੁਆਲਾਂ ਤੋਂ ਕੋਈ ਬਹੁਤੀ ਪ੍ਰੇਸ਼ਾਨੀ ਨਹੀਂ ਮੰਨੀ। ਉਨ੍ਹਾਂ ਧੀਰਜ ਨਾਲ ਕਿਹਾ ਕਿ ਇਹ ਮਾਰਕਸਵਾਦ ਦੇ ਫ਼ਲਸਫ਼ੇ ਅਤੇ ਇਨਕਲਾਬੀ ਸਿਧਾਂਤ ਨਾਲ ਜੁੜੇ ਬੜੇ ਅਹਿਮ ਸੁਆਲ ਹਨ, ਜਿਨ੍ਹਾਂ ਬਾਰੇ ਜਾਣਨਾ-ਸਮਝਣਾ ਸਾਡੇ ਲਈ ਵੀ ਜ਼ਰੂਰੀ ਹੈ। ਅਗਰ ਤੁਸੀਂ ਆਪਣੇ ਦੇਸ਼ ਅਤੇ ਸਮਾਜ ਨੂੰ ਬੇਹਤਰ ਬਣਾਉਣ ਲਈ ਕੁਝ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਸਮਾਜਿਕ ਤਬਦੀਲੀ ਦੇ ਵਿਗਿਆਨ ਤੋਂ ਜਾਣੂ ਤਾਂ ਹੋਣਾ ਹੀ ਪਵੇਗਾ।

ਭਾਅ ਜੀ ਵੱਲੋਂ ਕੀਤੀ ਗਈ ਇਸ ਇਨਕਲਾਬੀ ਸਕੂਲਿੰਗ ਤੋਂ ਬਾਅਦ, 'ਡੈਮੋਕਰੇਟਿਕ ਪੀਪਲਜ਼ ਫਰੰਟ' ਦੇ ਮੈਂਬਰਾਂ ਦੀ ਸਮਝਦਾਰੀ ਅਤੇ ਸਰਗਰਮੀ ਵਿਚ ਵੱਡਾ ਵਾਧਾ ਹੋਇਆ। ਸੰਗਠਨ ਨੇ ਕਈ ਵੱਡੇ ਸਭਿਆਚਾਰਕ ਸਮਾਗਮਾਂ ਸਮੇਤ ਟਰੇਡ ਯੂਨੀਅਨਾਂ ਅਤੇ ਆਮ ਜਨਤਾ ਵਿਚ ਆਪਣਾ ਪ੍ਰਚਾਰ ਲਿਜਾਣ ਲਈ ਬਹੁਤ ਸਾਰੀਆਂ ਸਾਰਥਕ ਪਹਿਲ-ਕਦਮੀਆਂ ਕੀਤੀਆਂ। ਇਹ ਸਿਆਸੀ ਪੱਖੋਂ ਵੀ ਵਿਕਾਸ ਕਰਕੇ ਇੰਡੀਅਨ ਪੀਪਲਜ਼ ਫਰੰਟ ਰਾਹੀਂ ਹੁੰਦਾ ਹੋਇਆ, ਸੀ.ਪੀ.ਆਈ. (ਐਮ.ਐਲ.) ਤੱਕ ਅੱਪੜ ਗਿਆ। ਤਲਵਾੜਾ ਤੋਂ ਮੁੱਢਲੀ ਸਿੱਖਿਆ ਲੈਣ ਵਾਲੇ ਕਈ ਸਾਥੀ ਅੱਜ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ, ਵੱਖ-ਵੱਖ ਜਥੇਬੰਦੀਆਂ ਵਿਚ ਪੂਰੀ ਪ੍ਰਤੀਬੱਧਤਾ ਨਾਲ ਸਰਗਰਮ ਹਨ। ਇਹ ਸਭ ਗੱਲਾਂ ਆਪਣੀ ਥਾਂ, ਪਰ ਭਾਅ ਜੀ ਹੋਰਾਂ ਦਾ ਉਹ ਸਕੂਲ ਸੁਣਨ ਤੋਂ ਬਾਅਦ, ਡਾਕਟਰ ਕਲਸੀ ਨੇ ਬੁਲਾਏ ਜਾਣ ਦੇ ਬਾਵਜੂਦ ਵੀ, ਮੁੜ ਕਦੇ ਸਾਡੀ ਮੀਟਿੰਗ ਵੱਲ ਮੂੰਹ ਨਹੀਂ ਕੀਤਾ।